Weekly

# CANADA SIKH TIMES

31 December, 2023 - 6 January, 2024 | ਕੈਨੇਡਾ ਸਿੱਖ ਟਾਈਮਜ਼ | Volume 1 Issue 31

• RELIGION • CULTURE • HERITAGE • BUSINESS

## New Applications for Canada Caregiver Programs To Open on January 1



On January 1st, at 9 a.m. Eastern Standard Time (EST), fresh applications will be accepted for the two Canada caregiver programs: the Home Child Care Provider Pilot and the Home Support Worker Pilot. Under the two pilot projects, 5,500 applications are anticipated to be accepted for new submissions in total in 2024. Additionally, the maximum number of applicants under these pilot programs is now split into two categories: those for direct entry into permanent residence and those for gaining experience. Furthermore, Canada has now lowered the 12-month minimum work experience requirement for in-country caregivers seeking permanent residence (PR).

In the past, caregivers in Canada needed to have 24 months of experience in order to apply for permanent residency status.

## ਜੰਮੂ ’ਚ ਲਾਇਆ ਗਿਆ ਬਾਬਾ ਬੰਦਾ ਸਿੰਘ ਬਹਾਦਰ ਦਾ ਬੁੱਤ




ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਮੰਗਲਵਾਰ ਨੂੰ ਜੰਮੂ ਸ਼ਹਿਰ ਦੇ ਭਗਵਤੀ ਨਗਰ ਇਲਾਕੇ ’ਚ ‘ਸਫ਼ਰ-ਏ-ਸ਼ਹਾਦਤ’ ਦੇ ਮੌਕੇ ’ਤੇ ਪਹਿਲੇ ਸਿੱਖ ਸ਼ਾਸਕ ਬਾਬਾ ਬੰਦਾ ਸਿੰਘ ਬਹਾਦਰ ਦੇ ਬੁੱਤ ਦਾ ਉਦਘਾਟਨ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਦੇ ਬੁੱਤ ਦੇ ਉਦਘਾਟਨ ਸਮਾਰੋਹ ’ਚ ਜੰਮੂ ਦੇ ਸਿੱਖ ਭਾਈਚਾਰੇ ’ਚ ਖੁਸ਼ੀ ਦਾ ਮਾਹੌਲ ਵੇਖਣ ਨੂੰ ਮਿਲਿਆ, ਜਿਨ੍ਹਾਂ ਦੀ ਲੰਮੇ ਸਮੇਂ ਤੋਂ ਲਟਕ ਰਹੀ ਮੰਗ ਅੱਜ ਪੂਰੀ ਹੋ ਗਈ ਹੈ। ਸਿੱਖ ਭਾਈਚਾਰੇ ਨਾਲ ਸਬੰਧਤ ਇਕ ਸਥਾਨਕ ਵਿਅਕਤੀ ਨੇ ਕਿਹਾ, “ਸਾਨੂੰ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ ਕਿ ਇੱਥੇ ਬਾਬਾ ਬੰਦਾ ਸਿੰਘ ਦਾ ਬੁੱਤ ਸਥਾਪਤ ਕੀਤਾ ਗਿਆ ਹੈ।” ਉਨ੍ਹਾਂ ਕਿਹਾ, “ਜੰਮੂ-ਕਸ਼ਮੀਰ ਦੇ ਸਿੱਖ ਭਾਈਚਾਰੇ ਦੀ ਲੰਬੇ ਸਮੇਂ ਤੋਂ ਮੰਗ ਰਹੀ ਹੈ ਕਿ ਬੰਦਾ ਸਿੰਘ ਬਹਾਦਰ ਦੇ ਨਾਂ ਨਾਲ ਮਸ਼ਹੂਰ ਹੋਏ ਮਾਧਵ ਸਿੰਘ ਬੈਰਾਗੀ ਦਾ ਬੁੱਤ ਸਥਾਪਤ ਕੀਤਾ ਜਾਵੇ, ਜਿਨ੍ਹਾਂ ਨੇ ਅਪਣੇ ਭਾਈਚਾਰੇ, ਦੇਸ਼, ਮਨੁੱਖਤਾ ਲਈ ਇਕ ਮਹਾਨ ਮਿਸਾਲ ਪੇਸ਼ ਕੀਤੀ ਜਦੋਂ ਉਨ੍ਹਾਂ ਨੇ ਮੁਗਲਾਂ ਵਿਰੁਧ ਸਰਹਿੰਦ ਦੀ ਲੜਾਈ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਦਾ ਬਹਾਦਰੀ ਨਾਲ ਬਦਲਾ ਲਿਆ ਸੀ।”

## ਮੁਕਤੀ ਅੰਧਵਿਸ਼ਵਾਸਾਂ ਤੋਂ




ਗੁਰੂ ਨਾਨਕ ਸਾਹਿਬ ਦਾ ਮਨੁੱਖ ਨੂੰ ਸਮਝਾਉਣ ਦਾ ਇਕ ਨਿਵੇਕਲਾ ਤੇ ਵਿਲੱਖਣ ਢੰਗ ਹੈ। ਉਦਾਸੀਆਂ ਦੌਰਾਨ ਵੱਖ-ਵੱਖ ਧਰਮਾਂ, ਜਾਤਾਂ ਦੇ ਗਿਆਨੀ ਪੁਰਖਾਂ ਨੂੰ ਮਿਲਦੇ, ਉਹਨਾਂ ਨਾਲ ਵਿਚਾਰ-ਵਟਾਂਦਰਾ ਕਰਦੇ ਜੇਕਰ ਗੁਰੂ ਸਾਹਿਬ ਇਕ ਪਾਸੇ ਇਕ ਵਿਸ਼ੇਸ਼ ਧਰਮ ਨਾਲ ਸੰਬੰਧਤ ਜਨੇਊ ਪਾਉਣ ਤੋਂ ਇਨਕਾਰ ਕਰਦੇ ਹਨ ਤਾਂ ਦੂਜੇ ਪਾਸੇ ਜਿਹੜਾ ਜਨੇਊ ਉਹ ਪਾਉਣਾ ਲੋਚਦੇ ਹਨ, ਉਸ ਬਾਬਤ ਵੀ ਜ਼ਿਕਰ ਕਰਦੇ ਹਨ: ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥ ਇਸ ਤਰ੍ਹਾਂ ਹੀ ਹਰਿਦਵਾਰ ਵਿਖੇ ਲੋਕਾਂ ਦੇ ਪਿੱਤਰ ਲੋਕ ਪਾਣੀ ਪੰਹੁਚਾਉਣ ਦੇ ਅੰਧ-ਵਿਸ਼ਵਾਸ ਨੂੰ ਖੰਡਤ ਕਰਦਿਆਂ ਗੁਰੂ ਸਾਹਿਬ ਵਿਪਰੀਤ ਦਿਸ਼ਾ ’ਚ ਪਾਣੀ ਸੁੱਟਦੇ ਹਨ ਤਾਂ ਜੋ ਲੋਕਾਈ ਨੂੰ ਸਮਝਾਇਆ ਜਾ ਸਕੇ ਕਿ ਜੇਕਰ ਗੁਰੂ ਸਾਹਿਬ ਦਾ ਸੁੱਟਿਆ ਪਾਣੀ ਉਹਨਾਂ ਦੇ ਖੇਤਾਂ ਤੱਕ ਨੀ ਪੁੱਜ ਸਕਦਾ ਤਾਂ ਤੁਹਾਡਾ ਸਾਰਿਆਂ ਦਾ ਸੁੱਟਿਆ ਪਾਣੀ ਪਿੱਤਰ ਲੋਕ ਕਿਕੁਣ ਪੁੱਜ ਸਕਦਾ ਹੈ। ਅਜਿਹੇ ਅਨੇਕਾਂ ਅੰਧ-ਵਿਸ਼ਵਾਸ਼ਾਂ ਤੋਂ ਵਰਜਦਿਆਂ ਗੁਰੂ ਸਾਹਿਬ ਨੇ ਲੋਕਾਈ ਨੂੰ ਸਮਝਾਇਆ ਕਿ ਹੋਰਨਾਂ ਦਾ ਕੀਤਾ ਪਾਠ, ਦਾਨ-ਪੁੰਨ ਮਰ ਚੁੱਕੇ ਪ੍ਰਾਣੀ ਦਾ ਕੁਝ ਨਹੀਂ ਸੰਵਾਰ ਸਕਦਾ, ਇਸ ਜੀਵਨ ਵਿਚ ਕੀਤੇ ਭਲੇ ਕੰਮ ਹੀ ਮਨੁੱਖ ਦਾ ਅੱਗਾ ਸਵਾਰਨ ਯੋਗ ਹਨ। ਸੋਚੀਏ ਕਿ ਐਸੇ ਗੁਰੁ ਦੇ ਸਿੱਖ ਕਿੱਧਰੇ ਪੁਜਾਰੀ ਜਮਾਤ ਵਲੋਂ ਅੰਧਵਿਸ਼ਵਾਸਾਂ ਦੀ ਉਸ ਡੂੰਘੀ ਖਾਈ ਵਿਚ ਤਾਂ ਨਹੀਂ ਧਕੇਲੇ ਜਾ ਰਹੇ। ਸੁਚੇਤ ਹੋਣ ਦੀ ਬੜੀ ਲੋੜ ਹੈ ਤੇ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਕੇ ਜੀਵਨ ਨੂੰ ਸਫਲ ਕਰੀਏ।

– ਪੁਸਤਕ **ਆਗਾਹਾ ਕੂ ਤ੍ਰਾਘਿ** ’ਚੋਂ

DESH VIDESH

# ਗੁਰੂ ਘਰ ਦਾ ਅਨਿੰਨ ਭਗਤ: ਅੱਲਾ ਯਾਰ ਖਾਂ ਯੋਗੀ

ਹਿੰਦੂਆਂ ਤੇ ਸਿੱਖਾਂ ਤੋਂ ਇਲਾਵਾ ਬਹੁਤ ਸਾਰੇ ਮੁਸਲਮਾਨ ਵੀ ਗੁਰੂ ਘਰ ਦੇ ਸੱਚੇ ਪ੍ਰੇਮੀ ਹੋਏ ਹਨ। ਇਨ੍ਹਾਂ ਵਿੱਚ ਭਾਈ ਰਾਏ ਬੁਲਾਰ ਭੱਟੀ, ਮਰਦਾਨਾ, ਸਾਈਂ ਮੀਆਂ ਮੀਰ, ਬੀਬੀ ਕੌਲਾਂ, ਪੀਰ ਬੁੱਧੂ ਸ਼ਾਹ, ਨਿਹੰਗ ਖਾਨ, ਬੀਬੀ ਮੁਮਤਾਜ਼, ਨਬੀ ਖਾਨ, ਗਨੀ ਖਾਨ ਅਤੇ ਰਾਏ ਕੱਲ੍ਹਾ ਆਦਿ ਵਿਸ਼ੇਸ਼ ਤੌਰ 'ਤੇ ਪ੍ਰਸਿੱਧ ਹਨ। ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਜੋੜ ਮੇਲਾ ਇਸ ਸਾਲ 28 ਦਸੰਬਰ ਨੂੰ ਮਨਾਇਆ ਜਾਣਾ ਹੈ। ਇਸ ਮੌਕੇ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਪ੍ਰਸ਼ੰਸਕ ਅਤੇ ਕਵੀ ਅੱਲਾ ਯਾਰ ਖਾਨ ਯੋਗੀ ਨੂੰ ਯਾਦ ਕਰਨਾ ਬਣਦਾ ਹੈ।

ਬਸ ਇੱਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ,  
ਕਟਾਏ ਬਾਪ ਨੇ ਬੇਟੇ ਯਹਾਂ ਖੁਦਾ ਕੇ ਲੀਏ।

ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਦਸਵੇਂ ਪਾਤਸ਼ਾਹ ਦੀ ਮਹਾਨਤਾ ਦਾ ਵਰਨਣ ਕਰਨ ਲੱਗਿਆਂ ਆਮ ਤੌਰ 'ਤੇ ਸਿੱਖ ਵਿਦਵਾਨ, ਇਤਿਹਾਸਕਾਰ ਅਤੇ ਰਾਗੀ-ਢਾਡੀ ਵੀ ਅੱਲ੍ਹਾ ਯਾਰ ਖਾਨ ਯੋਗੀ ਦੇ ਦੋਹਿਆਂ ਦਾ ਸਹਾਰਾ ਲੈਂਦੇ ਹਨ। ਇਹਨਾਂ ਦਰਦ ਭਰੇ ਦੋਹਿਆਂ ਦੇ ਰਚੇਤਾ ਅੱਲ੍ਹਾ ਖਾਨ ਯੋਗੀ ਦਾ ਨਾਮ ਸਿੱਖ ਇਤਿਹਾਸ ਵਿੱਚ ਅਮਰ ਹੋ ਚੁੱਕਾ ਹੈ। ਹੋਰ ਕੋਈ ਕਵੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਦਸਵੇਂ ਪਾਤਸ਼ਾਹ ਦੇ ਜਿਗਰੇ ਬਾਰੇ ਏਨੇ ਕਰੁਣਾ ਰਸ ਅਤੇ ਵੇਦਨਾਮਈ ਲੈਅ ਵਿੱਚ ਕਵਿਤਾ ਨਹੀਂ ਲਿਖ ਸਕਿਆ। ਯੋਗੀ ਅੱਲ੍ਹਾ ਯਾਰ ਖਾਨ ਦਾ ਨਾਮ ਦਸਵੇਂ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਪੱਕੇ ਤੌਰ ਤੇ ਜੁੜ ਚੁੱਕਾ ਹੈ। ਉਸ ਦੇ ਜਨਮ ਦੀ ਪੱਕੀ ਤਾਰੀਖ ਮੁਹੱਈਆ ਨਹੀਂ ਹੈ। ਮੰਨਿਆਂ ਜਾਂਦਾ ਹੈ ਕਿ ਉਸਦਾ ਜਨਮ 19ਵੀਂ ਸਦੀ ਦੇ ਪਿਛਲੇ ਅੱਧ ਵਿੱਚ ਹੋਇਆ ਤੇ ਉਸ ਨੇ 20ਵੀਂ ਸਦੀ ਦੇ ਅੱਧ ਤੱਕ ਉਮਰ ਭੋਗੀ। ਉਸ ਨੇ ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਉਰਦੂ ਵਿੱਚ ਦੋ ਮਰਸੀਏ (ਆਪਣੇ ਪਿਆਰਿਆਂ ਦੀ ਮੌਤ 'ਤੇ ਬੋਲੀ ਜਾਣ ਵਾਲੀ ਕਵਿਤਾ) ਲਿਖੇ। ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਯਾਦ ਵਿੱਚ ਲਿਖੇ 'ਗੰਜ-ਏ-ਸ਼ਹੀਦਾਂ' ਅਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਲਿਖੇ 'ਸ਼ਹੀਦਾਂ-ਏ-ਵਫਾ' ਨਾਮਕ ਮਰਸੀਆਂ ਨੇ ਉਸ ਦਾ ਨਾਮ ਹਮੇਸ਼ਾਂ ਲਈ ਸਿੱਖ ਪੰਥ ਵਿੱਚ ਅਮਰ ਕਰ ਦਿੱਤਾ ਹੈ। ਜਦੋਂ ਵੀ ਕੋਈ ਲਿਖਾਰੀ ਸਾਕਾ ਸਰਹੰਦ ਜਾਂ ਸਾਕਾ ਚਮਕੌਰ ਬਾਰੇ ਲਿਖਦਾ ਹੈ ਤਾਂ ਯੋਗੀ ਅੱਲ੍ਹਾ ਖਾਨ ਦੇ ਦੋਹਿਆਂ ਦਾ ਹਵਾਲਾ ਦਿੱਤੇ ਬਗੈਰ ਰਚਨਾਂ ਅਧੂਰੀ ਲੱਗਦੀ ਹੈ। ਸ਼ਾਇਦ ਉਹ ਇਕੱਲਾ ਮੁਸਲਮਾਨ ਕਵੀ ਹੈ ਜਿਸ ਨੂੰ ਇਹ ਮਾਣ ਹਾਸਲ ਹੈ ਕਿ ਉਸ ਦੇ ਦੋਹੇ ਨੂੰ ਕਿਸੇ ਗੁਰਦਵਾਰੇ ਦੀ ਇਮਾਰਤ ਵਿੱਚ ਜਗ੍ਹਾ ਮਿਲੀ ਹੋਵੇ। ਉਸ ਦਾ ਹੇਠ ਲਿਖਿਆ ਦੋਹਾ ਗੁਰਦਵਾਰਾ ਕਤਲਗੜ੍ਹ ਸਾਹਿਬ, ਚਮਕੌਰ ਸਾਹਿਬ ਦੇ ਬਰਾਮਦੇ ਵਿੱਚ ਦਰਜ਼ ਹੈ;

"ਭਟਕਤੇ ਫਿਰਤੇ ਹੈ ਕਿਉਂ? ਹਜ਼ ਕਰੇਂ ਯਹਾਂ ਆ ਕਰ,  
ਯੇ ਕਾਅਬਾ ਪਾਸ ਹੈ, ਹਰ ਏਕ ਖਾਲਸਾ ਕੇ ਲੀਏ"

ਹਕੀਮ ਅੱਲ੍ਹਾ ਖਾਨ ਯੋਗੀ ਅਨਾਰਕਲੀ (ਲਾਹੌਰ) ਦਾ ਰਹਿਣ ਵਾਲਾ ਸੀ। ਉਸ ਦੇ ਪੁਰਖੇ ਦੱਖਣ ਭਾਰਤ ਦੇ ਬਾਸ਼ਿੰਦੇ ਸਨ। ਪਰ ਯੋਗੀ ਨੂੰ ਲਾਹੌਰ ਐਨਾ ਪਸੰਦ ਆਇਆ ਕਿ ਉਹ ਪੱਕੇ ਤੌਰ ਤੇ ਇਥੇ ਹੀ ਵੱਸ ਗਿਆ। ਸਮਕਾਲੀ ਵੇਰਵਿਆਂ ਮੁਤਾਬਿਕ ਉਹ ਸ਼ਾਹੀ ਅਚਕਨ ਪਹਿਨਦਾ ਸੀ, ਲੰਬਾ ਅਤੇ ਮਜ਼ਬੂਤ ਸਰੀਰ ਵਾਲਾ ਸੀ, ਛੋਟੀਆਂ ਮੁੱਛਾਂ ਤੇ ਦਾੜ੍ਹੀ ਰੱਖਦਾ ਸੀ। ਬੋਲ ਚਾਲ ਤੇ ਪਹਿਰਾਵੇ ਤੋਂ ਉਹ ਇਰਾਨੀ ਮੂਲ ਦਾ ਲੱਗਦਾ ਸੀ। ਉਸ ਦੇ ਮਰਸੀਏ ਚਮਕੌਰ ਤੇ ਸਰਹਿੰਦ ਦੇ ਦਰਦਨਾਕ ਸਾਕਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਦਾ ਛੋਟਾ ਜਿਹਾ ਪਰ ਗੰਭੀਰ ਯਤਨ ਹਨ। ਉਰਦੂ 'ਤੇ ਉਸ ਦੀ ਪਕੜ ਬਹੁਤ ਮਜ਼ਬੂਤ ਹੈ ਤੇ ਉਸ ਦੀ ਸ਼ੈਲੀ ਏਨੀ ਦਰਦ ਭਰੀ ਹੈ ਕਿ ਕਵਿਤਾ ਪੜ੍ਹ ਕੇ ਬਦੋਬਦੀ ਅੱਖਾਂ ਵਿੱਚ ਵਿੱਚ ਪਾਣੀ ਆ ਜਾਂਦਾ ਹੈ। ਉਸ ਨੇ ਪਹਿਲਾ ਮਰਸੀਆ ਗੰਜ-ਏ-ਸ਼ਹੀਦਾਂ 1913 ਅਤੇ ਸ਼ਹੀਦਾਂ-ਏ-ਵਫਾ 1915 ਈ. ਦੇ ਕਰੀਬ ਲਿਖਿਆ ਸੀ। ਛੋਟੀ ਉਮਰ ਦੇ ਸਾਹਿਬਜ਼ਾਦਿਆਂ ਵੱਲੋਂ ਦਿਖਾਈ ਗਈ ਅਸਧਾਰਨ ਵੀਰਤਾ ਨੂੰ ਇਸ ਕਵਿਤਾ ਰਾਹੀਂ ਬੜੇ ਦਰਦਮਈ ਅਤੇ ਵੀਰ ਰਸ ਨਾਲ ਭਰਪੂਰ ਤਰੀਕੇ ਦੁਆਰਾ ਦਰਸਾਇਆ ਗਿਆ ਹੈ। ਜਿਸ ਕਰੂਰਤਾ ਨਾਲ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ ਤੇ ਜਿਸ ਬਹਾਦਰੀ ਨਾਲ ਉਹਨਾਂ ਨੇ ਆਪਣੇ ਧਰਮ ਦੀ ਖਾਤਰ ਕੁਰਬਾਨੀ ਦਿੱਤੀ, ਇਨ੍ਹਾਂ ਕਵਿਤਾਵਾਂ ਦਾ ਮੂਲ ਹੈ। ਇਹ ਕਵਿਤਾ ਸਿੱਧੀ ਇਨਸਾਨ ਦੇ ਦਿਲ 'ਤੇ ਅਸਰ ਕਰਦੀ ਹੈ। ਅੱਲ੍ਹਾ ਯਾਰ ਖਾਨ ਯੋਗੀ 1920ਵਿਆਂ ਤੇ 30ਵਿਆਂ ਵਿੱਚ ਸਿੱਖ ਸਟੇਜਾਂ ਤੋਂ ਇਹ ਕਵਿਤਾਵਾਂ ਬੜੇ ਤਰੰਨਮ ਨਾਲ ਪੜ੍ਹਿਆ ਕਰਦਾ ਸੀ। ਉਹ ਆਪਣੇ ਜੀਵਨ ਕਾਲ ਵਿੱਚ ਹੀ ਬਹੁਤ ਮਸ਼ਹੂਰ ਹੋ ਗਿਆ ਸੀ। ਯੋਗੀ ਦਾ ਗੁਰੂ ਸਾਹਿਬ ਨਾਲ ਪਿਆਰ ਤੇ ਉਨ੍ਹਾਂ ਦੇ ਸਤਿਕਾਰ ਵਿੱਚ ਲਿਖੀਆਂ ਕਵਿਤਾਵਾਂ ਕੱਟੜ ਮੁਸਲਮਾਨਾਂ ਨੂੰ ਇਸਲਾਮ ਦੇ ਖਿਲਾਫ ਲਗਦੀਆਂ ਸਨ ਤੇ ਉਹ ਇਸ ਨੂੰ ਗੈਰ ਇਸਲਾਮੀ ਸਮਝਦੇ ਸਨ। ਉਨ੍ਹਾਂ ਨੇ ਯੋਗੀ ਨੂੰ ਕਾਫਰ ਘੋਸ਼ਿਤ ਕਰ ਦਿੱਤਾ ਤੇ 30 ਸਾਲ ਤੱਕ ਕਿਸੇ ਮਸੀਤ ਵਿੱਚ ਨਹੀਂ ਵੜਨ ਦਿੱਤਾ।

ਜਦੋਂ ਯੋਗੀ ਬਜ਼ੁਰਗ ਹੋ ਗਿਆ ਤਾਂ ਉਸ ਦਾ ਅੰਤ ਨਜ਼ਦੀਕ ਜਾਣ ਕੇ ਇੱਕ ਕਾਜ਼ੀ ਨੇ ਉਸ ਦੇ ਘਰ ਜਾ ਕੇ ਉਸ ਨੂੰ ਪ੍ਰੇਰਣ ਦੀ ਕੋਸ਼ਿਸ਼ ਕੀਤੀ, "ਯੋਗੀਆ, ਮੇਰੇ ਨਾਲ ਮਸੀਤ ਚੱਲ ਤੇ ਅੱਲ੍ਹਾ ਤੋਂ ਮਾਫੀ ਮੰਗ ਲੈ। ਤੂੰ ਸਾਰੀ ਉਮਰ ਕਾਫਰ ਬਣ ਕੇ ਕੱਢ ਦਿੱਤੀ ਏ, ਮਰਨ ਤੋਂ ਪਹਿਲਾਂ ਤਾਂ ਮੋਮਨ ਬਣ ਜਾ।" ਗੁਰੂ ਸਾਹਿਬ ਦੇ ਰੰਗ ਵਿੱਚ ਰੰਗੇ ਅੱਲ੍ਹਾ ਯਾਰ ਖਾਨ ਨੇ ਜਵਾਬ ਦਿੱਤਾ, "ਮੈਂ ਕੁਝ ਵੀ ਗਲਤ ਨਹੀਂ ਕੀਤਾ। ਮੈਂ ਤੇਰੇ ਵਰਗਿਆਂ ਵਾਸਤੇ ਕਾਫਰ ਹਾਂ, ਪਰ ਗੁਰੂ ਗੋਬਿੰਦ ਸਿੰਘ ਜੀ ਵਾਸਤੇ ਨਹੀਂ। ਮੈਂ ਜੋ ਵੀ ਗੁਰੂ ਸਾਹਿਬ ਅਤੇ ਸਾਹਿਬਜ਼ਾਦਿਆਂ ਬਾਰੇ ਲਿਖਿਆ ਹੈ, ਉਹ ਬਿਲਕੁਲ ਸੱਚ ਹੈ। ਮੈਂ ਸੱਚਾਈ ਤੋਂ ਮੂੰਹ ਨਹੀਂ ਮੋੜ ਸਕਦਾ।" ਇਹ ਸੁਣ ਕੇ ਕਾਜ਼ੀ ਗੁੱਸੇ ਵਿੱਚ ਆ ਗਿਆ ਤੇ ਬੋਲਿਆ, "ਜਾ, ਤੂੰ ਕਾਫਰ ਹੀ ਮਰੇਂਗਾ ਤੇ ਜਹੱਨੁਮ ਵਿੱਚ ਜਾਵੇਂਗਾ।" ਯੋਗੀ ਨੇ ਹੱਸ ਕੇ ਜਵਾਬ ਦਿੱਤਾ, "ਮੈਨੂੰ ਤੇਰੇ ਬਹਿਸ਼ਤ ਦੀ ਜਰੂਰਤ ਨਹੀਂ ਹੈ। ਔਹ ਵੇਖ ਗੁਰੂ ਸਾਹਿਬ ਬਹਿਸ਼ਤਾਂ ਵਿੱਚ ਬੈਠੇ ਮੈਨੂੰ ਆਪਣੇ ਵੱਲ ਬੁਲਾ ਰਹੇ ਹਨ। ਮੈਨੂੰ ਗੁਰੂ ਸਾਹਿਬ ਦਾ ਪਿਆਰ ਚਾਹੀਦਾ ਹੈ ਤੇ ਮੈਂ ਉਨ੍ਹਾਂ ਦੇ ਸੇਵਕ ਵਜੋਂ ਹੀ ਮਰਨਾ ਚਾਹੁੰਦਾ ਹਾਂ।" ਕਾਜ਼ੀ ਅੰਟ ਸ਼ੰਟ ਬੋਲਦਾ ਆਪਣੇ ਰਾਹ ਪੈ ਗਿਆ ਤੇ ਯੋਗੀ ਨਾਸ਼ਵਾਨ ਸਰੀਰ ਤਿਆਗ ਕੇ ਆਪਣੇ ਪੀਰ- ਉ- ਮੁਰਸ਼ਦ ਦੇ ਚਰਨਾਂ ਵਿੱਚ ਜਾ ਸੱਜਿਆ।

– ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ.), ਮੋ: 9501100062

Gurpreet Singh
Director
(India) : +91 9810210366
(Canada) : +1 778 970 6660
(Whatsapp Call Only)
AMAR HOLIDAYS PVT. LTD.
Amar Tour & Travels (Since 1998)
Call For Domestic & International Ticket & Tour Packages Also
Best Deals For : USA, CANADA, EUROPE, LONDON, AUSTRALIA & NEW ZELAND, WORLD WIDE HOTEL BOOKING
E-mail : gurpreet@amarholidays.com
Website : www.amarholidays.com
IATA
TAFI Travel Agents Federation of India

# HERITAGE

## ਕੈਨੇਡਾ ਪੁਲਿਸ ’ਚ ਭਰਤੀ ਹੋਣ ਲਈ ‘ਗੁਰੂ ਨਾਨਕ ਫੂਡ ਬੈਂਕ’ ਤੋਂ ਸਰਟੀਫਿਕੇਟ ਲੈਣਾ ਲਾਜ਼ਮੀ



ਕੈਨੇਡਾ ਸਿੱਖਾਂ ਨੂੰ ਮੁੱਢ ਤੋਂ ਹੀ ਬਣਦਾ ਮਾਣ-ਸਨਮਾਨ ਦਿੰਦਾ ਆਇਆ ਹੈ। ਬੀਤੇ ਦਿਨੀ ਕੈਨੇਡੀਅਨ ਸਰਕਾਰ ਨੇ ਪੁਲਿਸ ਵਿਭਾਗ ’ਚ ਭਰਤੀ ਹੋਣ ਦੀਆਂ ਸ਼ਰਤਾਂ ਵਿਚ ਇਕ ਸ਼ਰਤ ਹੋਰ ਸ਼ਾਮਲ ਕੀਤੀ ਹੈ ਜਿਸ ਨਾਲ ਸਿੱਖ ਭਾਈਚਾਰੇ ’ਚ ਖੁਸ਼ੀ ਦੀ ਲਹਿਰ ਹੈ। ਇਸ ਸ਼ਰਤ ਮੁਤਾਬਿਕ ਹੁਣ ਤੋਂ ਪੁਲਿਸ ’ਚ ਭਰਤੀ ਹੋਣ ਦੀ ਪ੍ਰਕਿਰਿਆ ਮੁਕੰਮਲ ਕਰਨ ਲਈ ਕੈਨੇਡਾ ਸਥਿਤ ਸੰਸਥਾ ‘ਗੁਰੂ ਨਾਨਕ ਫੂਡ ਬੈਂਕ’ ’ਚ ਕੁਝ ਸਮਾਂ ਸੇਵਾ ਕਰਨਾ ਦੇ ਨਾਲ-ਨਾਲ ਲੰਗਰ ਦੇ ਸੰਕਲਪ ਬਾਰੇ ਚੰਗੀ ਤਰ੍ਹਾਂ ਇਲਮ ਤੇ ਅਮਲ ਕਰਨਾ ਲਾਜ਼ਮੀ ਕੀਤਾ ਹੈ।

## American Gurdwara Parbandhak Committee condemns Hindu temple vandalism in California

The American Gurdwara Parbandhak Committee (AGPC) has condemned the vandalism of a Hindu Temple in California and expressed solidarity with the Hindu community. The Shri Swaminarayan Mandir Hindu Temple at Newark in California was vandalised with anti-India graffiti on December 22 and the police in the US are investigating the matter as a possible hate crime. According to images posted on social media, the word ‘Khalistan’ was spray-painted on a signpost outside the temple, along with other objectionable graffiti.




## Gurbani Word Meaning Competition (Online)

Link: https://forms.gle/GEbGWzJ76Zc68zu29

**ਜਪੁਜੀ ਸਾਹਿਬ ਵਿਚੋਂ 50 ਅਖਰਾਂ ਦੇ ਅਰਥ ਯਾਦ ਕਰਨੇ ਹਨ**

50 words from Japji Sahib

On 5th January 2024 at 7pm

Parkash Purab of Guru Gobind Singh Ji

(As per Mool Nanakshahi Calendar)

Five Prizes of Rs. 1000 each, 50 Prizes of Rs. 100 each

Organized by:

**Aao Baniye Gursikh Pyara Quiz Show**

(Completing 10 years on National TV Channel)

Only Reality Show of Sikh Community in Media History

For Enquiries Contact:

Taranpreet Singh 9013360745,

Harpreet Singh 98732 00740, Saroj Kaur 93111 77728,

Mamta Kaur 8051137918, Charanjit Kaur 99056 94407

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰੂ ਗੋਬਿੰਦ ਜੀ ਵਲੋਂ ਬਖਸ਼ੇ ਸ਼ਸਤਰ ਪਿਛੇ ਵਿਚਾਰ ਕੀ ਹੈ?**

a. ਜਰਵਾਣੇ ਦੀ ਭਖਿਆ  b. ਮਜਲੂਮ ਦੀ ਰਖਿਆ
c. ਸਵੈ ਮਾਣ  d. ਇਹ ਸਾਰੇ ਹੀ

**2. ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਕੋਲ ਹਰ ਵੇਲੇ ਸੁਰਤ ਵਿਚ ਕੀ ਹੋਣਾ ਚਾਹੀਦਾ ਹੈ?**

a. ਝੋਰਾ  b. ਢੰਹਿਦੀ ਕਲਾ
c. ਚੜ੍ਹਦੀ ਕਲਾ  d. ਫਿਕਰ

**3. ਗੁਰਬਾਣੀ ਅਨੁਸਾਰ ਜਦੋਂ ਸਾਡੇ ਮਨ ਦੀ ਭੁੱਖ ਨਹੀ ਉਤਰਦੀ ਤਾਂ ਕੀ ਵਾਪਰਦਾ?**

a. ਤ੍ਰਿਪਤੀ ਤੋਂ ਦੂਰ  b. ਨਿਮਰਤਾ ਨਹੀ ਆਉਂਦੀ
c. ਕਜੂੰਸੀ  d. ਇਹ ਸਭ ਕੁਝ

**4. ਗੁਰਬਾਣੀ ਵਿੱਚ ਆਏ ਗੁਰੂ ਕੇ ਚਰਨ ਦਾ ਕੀ ਅਰਥ ਹੈ?**

a. ਗੁਰੂ ਦਾ ਗਿਆਨ  b. ਗੁਰੂ ਦੀ ਵਿਚਾਰ
c. ਗੁਰੂ ਦੀ ਸੋਝੀ  d. ਇਹ ਸਾਰੇ ਹੀ

**5. ਨਾਨਕਸ਼ਾਹੀ ਕੈਲੰਡਰ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਹਰ ਸਾਲ ਕਿਸ ਤਾਰੀਖ ਨੂੰ ਮਨਾਉਣਾ ਚਾਹੀਦਾ ਹੈ?**

a. 1 ਜਨਵਰੀ  b. 5 ਜਨਵਰੀ
c. 7 ਜਨਵਰੀ  d. 10 ਜਨਵਰੀ

(ਦੇਖੋ ਉੱਤਰ ਪੰਨਾ 4 ’ਤੇ)

## CAREER COUNSELLING

# *Talent and Skills*



Narinder Pal Singh




Talent and Skills are important for any profession, but they play different roles.

TALENT - Refers to a natural aptitude or inclination for a particular activity or area. It is often considered an innate ability that cannot be taught or learned. Some people may be naturally talented in a certain field, such as art, music, or athletics. However, talent alone is not enough to succeed in a profession.

SKILLS - On the other hand, skills are learned abilities that are developed through practice, training, experience and mentor. They are specific to a profession or area and can be improved over a period of time. Skills may include technical expertise, communication, problem-solving, and time management.

COMBINATION OF TALENT & SKILLS - In most professions, a combination of talent and skills is necessary for success. Having talent can give someone a head start in a particular field, but it is not a guarantee of success. Skills are what allow someone to turn their talent into tangible results and excel in their work. Additionally, skills can be developed and improved through training and practice, even if someone does not have a natural talent for a particular field.

Ultimately, what is most important for any profession is a willingness to learn, work smart, and continuous improvement. Whether someone has a natural talent for a particular field or not, they can achieve success through a combination of training, smart work, dedication, and development of essential skills.

TALENT IS A FLAME. SKILL IS A FIRE.

# Punjab Inc: A trailblazing journey from Ludhiana to global tech innovation



My journey has remained as a remarkable tapestry of ambition and global connectivity, woven from my early days in India to the transformative years in Canada. Born in Ludhiana, my educational journey began at Sacred Heart Convent School, where the foundations of discipline and academic rigor were laid. In the dynamic and often unpredictable world of technology, challenges were inevitable. However, I embraced these challenges, viewing them as catalysts for growth and innovation. One of the early milestones at 01Synergy was its collaboration with Cambridge University Press in 2010, a project that involved developing mobile applications for the newly launched iPhone by Apple. This venture not only showcased the company's technical prowess globally but also its ability to align with the standards and expectations of a leading academic institution.


## SIKH MATRIMONIALS

Khatri Sikh Girl, Canadian citizen, Nov. 1982 born, 5'5" tall. Humber college Business Diploma, HR recruiter, running her own business. Contact +1 647-338-3337

Gursikh Boy 34/ 5'8"/ PG Diploma from Humber College, Toronto/ Director at a Digital Agency Toronto, Canada Package 1 Lac CAD.Parents in business New Delhi Contact +91 9818141313

Gursikh Amritdhari girl 27/5'2"/HR Business Partner in Ottawa, Canada/80K CAD/Father Bank Manager Looking for Amritdhari Boy. Contact +91 8000800059

Gursikh girl MBA/ 39' /5'4"/ Divorced Now doing MBA from UK/Seeking Educated Boy from UK,Canada Contact+91 9811368469


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. C 3. D 4. D 5. B

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Manmeet Kaur (UK), Taranpreet Singh (India), Harman Singh (Canada)


email: canadasikhtimes@gmail.com, M: +1 437 673 7555